(i) Printed Pages : 2 Roll No. ................................

(ii) Questions : 6 **Sub. Code : 1 3 8 0 5**

**Exam. Code : 5 0 5 1**

**B.Sc. (Hons.) (Bio-Technology) FYUP 1st Semester**

**(2124)**

**PUNJABI**

**Paper : Compulsory Punjabi [PUN-115]**

**(Common With B.Sc. FD 1st Sem. N.E.P., B.Sc. M.F.T. 1st Sem. N.E.P., B.Sc. Bioinformatics 1st Sem. N.E.P.)**

**Time Allowed : Three Hours] [Maximum Marks : 45**

**ਨੋਟ :–** ਯੂਨਿਟ ਨੰਬਰ I ਵਿੱਚ **ਪੰਜ** ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਵਿੱਚੋਂ ਕੋਈ **ਤਿੰਨ** ਪ੍ਰਸ਼ਨਾਂ ਦਾ ਉੱਤਰ ਦੇਣਾ ਹੈ। ਹਰ ਪ੍ਰਸ਼ਨ **10** ਅੰਕ ਦਾ ਹੋਵੇਗਾ।

## ਯੂਨਿਟ–I

**ਨੋਟ :–** ਭਾਗ ੳ, ਅ ਤੇ ੲ ਤਿੰਨਾਂ ਭਾਗਾਂ ਵਿੱਚ ਦਿੱਤੇ ਗਏ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ **ਤਿੰਨ** ਦਾ ਉੱਤਰ ਦਿਓ। ਹਰ ਪ੍ਰਸ਼ਨ ਦੇ **10** ਅੰਕ ਹਨ।

### ਭਾਗ–ੳ

1. 'ਏਹੁ ਨਿਦੋਸਾ ਮਾਰੀਐ' ਕਹਾਣੀ ਦੇ ਸਾਰ ਅਤੇ ਵਿਸ਼ਾ ਵਸਤੂ ਬਾਰੇ ਲਿਖੋ।
2. ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਉਜਾੜ' ਦਾ ਸਾਰ ਅਤੇ ਵਿਸ਼ਾ ਵਸਤੂ ਸੰਬੰਧੀ ਲਿਖੋ।

### ਭਾਗ–ਅ

3. 'ਸਵਰਗ ਦੀ ਝਲਕ' ਕਹਾਣੀ ਦਾ ਸਾਰ ਅਤੇ ਵਿਸ਼ਾ ਵਸਤੂ ਉਲੀਕੋ।
4. ਸੰਤੋਖ ਸਿੰਘ ਧੀਰ ਦੀ ਕਹਾਣੀ 'ਮਾਮਲਾ' ਦੇ ਸਮਾਜਕ ਅਤੇ ਸਾਹਿਤਕ ਮਹੱਤਵ ਬਾਰੇ ਚਾਨਣਾ ਪਾਓ।

## ਭਾਗ–ੲ

5. ਸੰਤ ਸਿੰਘ ਸੇਖੋਂ ਜਾਂ ਦਲੀਪ ਕੌਰ ਟਿਵਾਣਾ ਦੇ ਜੀਵਨ ਅਤੇ ਸਮੁੱਚੇ ਯੋਗਦਾਨ ਸਬੰਧੀ ਲਿਖੋ। 10×3=30

## ਯੂਨਿਟ–II

6. (ੳ) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉੱਤੇ **200** ਸ਼ਬਦਾਂ ਦੇ ਅੰਦਰ ਪੈਰ੍ਹਾ ਰਚਨਾ ਕਰੋ :

   (ੳ) ਵਿਦਿਆਰਥੀ ਜੀਵਨ

   (ਅ) ਪੁਸਤਕਾਂ ਦਾ ਮਹੱਤਵ

   (ੲ) ਪੰਜਾਬ ਦੇ ਲੋਕ ਗੀਤ

   (ਸ) ਵਧ ਰਹੀ ਮਹਿੰਗਾਈ। 5×1=5

(ਅ) ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ (ਪ੍ਰੈਸੀ) ਕਰੋ :

ਸਿੱਖ ਧਰਮ ਦੇ ਧਾਰਮਿਕ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਸੰਪਾਦਨ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿੱਚ ਕੀਤਾ। ਇਸ ਗ੍ਰੰਥ ਦੀ ਮਹਾਨਤਾ ਇਸ ਗੱਲ ਵਿੱਚ ਹੈ ਕਿ ਇਸ ਵਿੱਚ ਨਾ ਧਰਮ ਦਾ ਵਿਤਕਰਾ ਹੈ, ਨਾ ਜਾਤ ਦਾ, ਨਾ ਜਮਾਤ ਦਾ, ਨਾ ਇਲਾਕੇ ਦਾ ਅਤੇ ਨਾ ਹੀ ਭਾਸ਼ਾ ਦਾ। ਸੂਫੀ ਸ਼ੇਖ ਫਰੀਦ ਦੀ ਬਾਣੀ ਦਾ ਇਸ ਧਾਰਮਿਕ ਗ੍ਰੰਥ ਵਿੱਚ ਸ਼ਾਮਲ ਹੋਣਾ ਸਮੁੱਚੇ ਧਾਰਮਿਕ ਇਤਿਹਾਸ ਵਿੱਚ ਵਿਲੱਖਣ ਗੱਲ ਹੈ। ਕਿਸੇ ਧਰਮ ਗ੍ਰੰਥ ਵਿੱਚ ਕਿਸੇ ਹੋਰ ਧਰਮ ਨਾਲ ਜੁੜੇ ਸੰਤ/ਸੂਫੀ ਨੂੰ ਜਗ੍ਹਾ ਦੇਣੀ ਜਿਥੇ ਇਕ ਪਾਸੇ ਵਿਸ਼ਾਲ ਹਿਰਦੇ ਦੀ ਸੂਚਕ ਹੈ ਉਥੇ ਦੂਜੇ ਪ੍ਰਤਿ ਸਤਿਕਾਰ ਅਤੇ ਸ਼ਰਧਾ ਨੂੰ ਵੀ ਪ੍ਰਗਟਾਉਂਦੀ ਹੈ। 5

(ੲ) ਹੇਠ ਲਿਖੇ ਪੈਰ੍ਹੇ ਦੇ ਵਿਸਰਾਮ ਚਿੰਨ੍ਹ ਲਗਾਓ :

ਰੱਸਾ ਫੜ ਕੇ ਜੈਮਲ ਸਿੰਘ ਤੁਰਨ ਲਗਾ ਚਲ ਨੀ ਮੇਰੀਏ ਬੱਗੀਏ ਸੁੱਖ ਨਾਲ ਬੁੱਧਵਾਰ ਐ ...... ਪਰ ਵਹਿੜੀ ਖੁਰ ਅੜਾ ਕੇ ਖੜ ਗਈ ਓ ਜੈਮਲ ਸਿਘ ਐ ਨੀ ਤੁਰਨਾ ਵਹਿੜੀ ਨੇ ਵਛਰੂ ਨੂੰ ਗੋਦੀ ਚੁਕ ਕੇ ਮੂਹਰੇ ਹੋ ਲੈ ਆਪੇ ਆਊਗੀ ਮਗਰ ਮਗਰ 5